GOVERNMENT OF WESTERN AUSTRALIA

PathWest LABORATORY MEDICINE WA

# ਆਪਣਾ ਲੋਅ ਵਜਾਈਨਲ ਸਵੈਬ ਕਿਵੇਂ ਇਕੱਠਾ ਕਰਨਾ ਹੈ?



ਬੁਕਿੰਗ ਕਰਵਾਉਣ ਦੀ ਲੋੜ ਨਹੀਂ ਹੈ

Punjabi | ਪੰਜਾਬੀ

ਜੇਕਰ ਤੁਸੀਂ ਘਰ ਵਿੱਚ ਨਮੂਨਾ ਲੈ ਰਹੇ ਹੋ, ਤਾਂ ਇਸਨੂੰ ਜਿੰਨੀ ਜਲਦੀ ਹੋ ਸਕੇ PathWest ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਵਿੱਚ ਲੈ ਜਾਓ। ਜੇਕਰ ਤੁਰੰਤ ਡਿਲੀਵਰੀ ਸੰਭਵ ਨਹੀਂ ਹੈ, ਤਾਂ ਨਮੂਨੇ ਨੂੰ 24 ਘੰਟਿਆਂ ਤੱਕ ਫਰਿੱਜ (ਫ੍ਰੀਜ਼ਰ ਵਿੱਚ ਨਹੀਂ) ਵਿੱਚ ਸਟੋਰ ਕਰੋ, ਇਸਨੂੰ ਫਰਿੱਜ ਵਿੱਚ ਰੱਖਣ ਤੋਂ ਪਹਿਲਾਂ ਇੱਕ ਵਾਧੂ ਪਲਾਸਟਿਕ ਬੈਗ ਵਿੱਚ ਰੱਖੋ।

## ਆਪਣਾ ਨਮੂਨਾ ਕਿਵੇਂ ਲੈਣਾ ਹੈ?

1. ਆਪਣੇ ਡਾਕਟਰ ਜਾਂ ਨਜ਼ਦੀਕੀ PathWest ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਤੋਂ ਇੱਕ ਸਵੈਬ ਲਓ ਅਤੇ ਸਵੈਬ ਵਾਲੀ ਟਿਊਬ ਉੱਪਰ ਆਪਣਾ **ਪੂਰਾ ਨਾਮ, ਜਨਮ ਮਿਤੀ, ਮਿਤੀ, ਨਮੂਨਾ ਇਕੱਠਾ ਦਾ ਸਮਾਂ** ਅਤੇ **"LVS" ਲਿਖੋ।**
2. ਆਪਣੇ ਨਮੂਨੇ ਲੈਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਅਤੇ ਸੁਕਾਓ।
3. ਸਵੈਬ ਵਾਲੇ ਪੈਕੇਜ਼ ਨੂੰ ਸਾਵਧਾਨੀ ਨਾਲ ਖੋਲ੍ਹੋ, ਇਹ ਯਕੀਨੀ ਬਣਾਓ ਕਿ ਫ਼ੰਬੇ ਦੇ ਰੂੰ ਵਾਲੇ ਸਿਰੇ ਨੂੰ ਨਾ ਛੂਹੋ, ਅਤੇ ਇੱਕ ਆਰਾਮਦਾਇਕ ਸਥਿਤੀ ਵਿੱਚ ਹੋ ਜਾਓ।
4. ਲੈਬੀਆ ਨੂੰ ਵੱਖ ਕਰੋ ਅਤੇ ਹੌਲੀ-ਹੌਲੀ ਰੂੰ ਦੇ ਫ਼ੰਬੇ ਨੂੰ ਯੋਨੀ ਵਿੱਚ 2 ਸੈਂਟੀਮੀਟਰ (ਲਗਭਗ ਇੱਕ ਉਂਗਲ ਦੇ ਪੋਟੇ ਜਿੰਨੀ ਲੰਬਾਈ) ਤੱਕ ਪਾਓ। ਲੋੜੀਂਦੀ ਮਾਤਰਾ ਵਿੱਚ ਨਮੂਨਾ ਇਕੱਠਾ ਕਰਨ ਲਈ ਸਵੈਬ ਨੂੰ 30 ਸਕਿੰਟ ਲਈ ਹੌਲੀ-ਹੌਲੀ ਘੁੰਮਾਓ।



5. ਸਾਵਧਾਨੀ ਨਾਲ ਸਵੈਬ ਨੂੰ ਬਾਹਰ ਕੱਢੋ, ਇਸ ਗੱਲ ਦਾ ਧਿਆਨ ਰੱਖਦੇ ਹੋਏ ਕਿ ਇਹ ਤੁਹਾਡੀ ਚਮੜੀ ਦੇ ਕਿਸੇ ਹੋਰ ਹਿੱਸੇ ਨੂੰ ਨਾ ਛੂਹੇ। ਇਸਨੂੰ ਸਿੱਧਾ ਇਸਦੇ ਕੰਟੇਨਰ ਵਿੱਚ ਰੱਖੋ, ਇਹ ਯਕੀਨੀ ਬਣਾਉਂਦੇ ਹੋਏ ਕਿ ਢੱਕਣ ਚੰਗੀ ਤਰ੍ਹਾਂ ਲੱਗਿਆ ਹੋਇਆ ਹੈ ਅਤੇ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ।
6. ਕੰਟੇਨਰ ਨੂੰ ਤੁਹਾਨੂੰ ਦਿੱਤੇ ਗਏ ਪਲਾਸਟਿਕ ਬੈਗ ਵਿੱਚ ਪਾ ਦਿਓ ਅਤੇ ਜੇਕਰ ਤੁਸੀਂ ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਵਿੱਚ ਵਿੱਚ ਹੋ ਤਾਂ ਇਸਨੂੰ PathWest ਕਰਮਚਾਰੀ ਨੂੰ ਸੌਂਪ ਦਿਓ।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਕਿਸਮ ਦੀ ਡਾਕਟਰੀ ਸਲਾਹ ਦੀ ਲੋੜ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
© State of Western Australia, PathWest Laboratory Medicine WA 2024

13 PATH (7284) | info.pathwest@health.wa.gov.au | pathwest.health.wa.gov.au